Cairns REGIONAL COUNCIL

# ਕਾਪਰਲੋਡ ਫਾਲਜ਼ ਡੈਮ ਆਪਾਤਕਾਲੀਨ ਨਿਕਾਸੀ ਗਾਈਡ

## ਜਾਣੋ ਕਿ ਕਿੱਥੇ ਜਾਣਾ ਹੈ



## ਮੇਰੀ ਜਾਣਕਾਰੀ

ਨਾਮ: ਨਕਸ਼ਾ ਨੰ: ਪੰਨਾ ਨੰ:

ਜਾਇਦਾਦ ਦਾ ਪਤਾ:

ਨੋਟ: ਇਹ ਆਪਾਤਕਾਲ ਨਿਕਾਸੀ ਗਾਈਡ ਸਿਰਫ਼ ਉਸ ਸਥਿਤੀ ਨਾਲ ਸੰਬੰਧਿਤ ਹੈ ਜਦੋਂ Early Warning System (ਸ਼ੁਰੂਆਤੀ ਚੇਤਾਵਨੀ ਪ੍ਰਣਾਲੀ) ਦੁਆਰਾ ਡੈਮ ਦੇ ਟੁੱਟਣ ਦੀ ਸੂਚਨਾ ਦਿੱਤੀ ਜਾਂਦੀ ਹੈ।

ਮਈ 2024

# ਕਾਪਰਲੋਡ ਫਾਲਜ਼ ਡੈਮ ਆਪਾਤਕਾਲੀਨ ਐਕਸ਼ਨ ਪਲਾਨ (ਕਾਰਵਾਈ ਯੋਜਨਾ)

ਜੇਕਰ ਬਹੁਤ ਹੀ ਅਸੰਭਵ ਹੋਣ ਵਾਲੀ ਘਟਨਾ ਵਿੱਚ Copperlode Falls Dam (ਕਾਪਰਲੋਡ ਫਾਲਜ਼ ਡੈਮ) (ਇਹ ਡੈਮ) ਟੁੱਟ ਜਾਂਦਾ ਹੈ, ਤਾਂ Redlynch Valley (ਰੈੱਡਲਿੰਚ ਵੈਲੀ) ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਰਹਿਣ ਵਾਲੇ ਲੋਕਾਂ ਨੂੰ ਤਿਆਰ ਰਹਿਣਾ ਚਾਹੀਦਾ ਹੈ ਅਤੇ ਇਹ ਪਤਾ ਹੋਣਾ ਚਾਹੀਦਾ ਹੈ ਕਿ ਕੀ ਕਰਨਾ ਹੈ।

***ਆਪਾਤਕਾਲ ਵਿੱਚ, ਹਰ ਕਿਸੇ ਉਤੇ ਆਪਣੀ ਸੁਰੱਖਿਆ ਆਪ ਕਰਨ ਦੀ ਜ਼ਿੰਮੇਵਾਰੀ ਹੁੰਦੀ ਹੈ।***

ਇਹ ਨਿਕਾਸੀ ਗਾਈਡ ਇੱਕ ਅਚਾਨਕ ਅਤੇ ਜਲਦੀ ਹੀ ਡੈਮ ਟੁੱਟਣ ਦੀ ਘਟਨਾ 'ਤੇ ਧਿਆਨ-ਕੇਂਦ੍ਰਿਤ ਕਰਦੀ ਹੈ। ਇਸ ਵਿੱਚ 'ਸ਼ੁਰੂਆਤੀ ਚੇਤਾਵਨੀ ਪ੍ਰਣਾਲੀ' ਬਾਰੇ ਦੱਸਿਆ ਗਿਆ ਹੈ ਅਤੇ ਉਨ੍ਹਾਂ ਕਾਰਵਾਈਆਂ ਦਾ ਖਾਕਾ ਦੱਸਿਆ ਗਿਆ ਹੈ ਜੋ ਨਿਵਾਸੀਆਂ ਨੂੰ ਇਹ ਚੇਤਾਵਨੀਆਂ ਪ੍ਰਾਪਤ ਹੋਣ ਅਤੇ ਸੁਣਨ 'ਤੇ ਕਰਨੀਆਂ ਚਾਹੀਦੀਆਂ ਹਨ। ਡੈਮ ਟੁੱਟਣ ਦੀ ਅਨੁਮਾਨਿਤ ਘਟਨਾ ਵਿੱਚ ਜੋ ਕਿ ਹੁਣੇ ਹੀ ਵਾਪਰ ਨਹੀਂ ਰਹੀ ਹੈ, ਤਾਂ ਇਲਾਕੇ ਦੇ ਨਿਵਾਸੀਆਂ ਅਤੇ ਲੋਕਾਂ ਨੂੰ ਕਾਰਵਾਈ ਕਰਨ ਲਈ ਵਧੇਰੇ ਸਮਾਂ ਦਿੱਤਾ ਜਾਵੇਗਾ।

**ਨਿਵਾਸੀਆਂ ਅਤੇ ਕਾਰੋਬਾਰੀ ਮਾਲਕਾਂ ਨੂੰ ਆਪਣੀ ਆਪਾਤਕਾਲੀਨ ਨਿਕਾਸੀ ਯੋਜਨਾ ਨੂੰ ਤਿਆਰ ਕਰਨ, ਸਾਂਝਾ ਕਰਨ ਅਤੇ ਅਭਿਆਸ ਕਰਨ ਲਈ ਇਸ ਗਾਈਡ ਦੀ ਵਰਤੋਂ ਕਰਨੀ ਚਾਹੀਦੀ ਹੈ:**

- ਸ਼ੁਰੂਆਤੀ ਚੇਤਾਵਨੀ ਪ੍ਰਣਾਲੀ ਅਤੇ ਸਾਇਰਨ ਦੀਆਂ ਆਵਾਜ਼ਾਂ ਬਾਰੇ ਸਿੱਖਕੇ
- ਇਹ ਪਤਾ ਲਗਾ ਕੇ ਕਿ ਕੀ ਤੁਸੀਂ ਡੈਮ ਤੋਂ ਆਉਂਦੇ ਵਹਾਅ ਦੇ ਬਿਲਕੁਲ ਹੇਠਾਂ 'ਰੈੱਡ ਜ਼ੋਨ' ਵਿੱਚ ਰਹਿੰਦੇ ਹੋ
- ਆਪਣੇ ਸਭ ਤੋਂ ਨੇੜਲੇ ਨਿਕਾਸੀ ਤੋਂ ਬਾਅਦ ਇਕੱਠੇ ਹੋਣ ਦੇ ਸਥਾਨ ਬਾਰੇ ਜਾਣ ਕੇ
- ਨਿਕਾਸੀ ਤੋਂ ਬਾਅਦ ਇਕੱਠੇ ਹੋਣ ਦੇ ਸਥਾਨ ਲਈ ਜਾਣਦੇ ਸਭ ਤੋਂ ਤੇਜ਼ ਅਤੇ ਸਾਫ਼ ਰਸਤੇ ਨੂੰ ਨਕਸ਼ੇ 'ਤੇ ਉਲੀਕ ਕੇ
- ਇਹ ਗੱਲ ਸਮਝਕੇ ਕਿ ਨਿਕਾਸੀ ਦੀ ਸਥਿਤੀ ਵਿੱਚ ਤੁਹਾਨੂੰ ਗੱਡੀ ਦੀ ਬਜਾਏ ਪੈਦਲ ਜਾਣਾ ਚਾਹੀਦਾ ਹੈ।

Cairns ਖੇਤਰ ਲਈ Copperlode Falls Dam ਪਾਣੀ ਦਾ ਮੁੱਖ ਸਰੋਤ ਹੈ। ਇਸ ਡੈਮ ਦੇ ਮਾਲਕ ਹੋਣ ਦੇ ਨਾਤੇ, Cairns Regional Council ਕੋਲ ਇੱਕ ਆਪਾਤਕਾਲੀਨ ਕਾਰਵਾਈ ਯੋਜਨਾ (EAP) ਹੈ ਜੋ ਇਸ ਡੈਮ ਨਾਲ ਸੰਬੰਧਿਤ ਆਪਾਤਕਾਲ ਵਿੱਚ ਵਰਤੀ ਜਾਣ ਵਾਲੀਆਂ ਭੂਮਿਕਾਵਾਂ, ਜ਼ਿੰਮੇਵਾਰੀਆਂ ਅਤੇ ਸੰਚਾਰ ਪ੍ਰਕਿਰਿਆਵਾਂ ਦੀ ਵਿਆਖਿਆ ਕਰਦਾ ਹੈ। EAP ਸਭ ਤੋਂ ਵੱਧ ਖ਼ਤਰੇ ਵਾਲੇ ਇਲਾਕਿਆਂ ਅਤੇ ਸੰਪਤੀਆਂ ਦੀ ਸਨਾਖ਼ਤ ਕਰਦਾ ਹੈ, ਜਿਨ੍ਹਾਂ ਨੂੰ ਇਸ ਗਾਈਡ ਵਿੱਚ 'ਰੈੱਡ ਜ਼ੋਨ' ਵਜੋਂ ਦਰਸਾਇਆ ਗਿਆ ਹੈ, ਅਤੇ ਡੈਮ ਨਾਲ ਸੰਬੰਧਿਤ ਆਪਾਤਕਾਲ ਦੀ ਸਥਿਤੀ ਵਿੱਚ ਨਿਵਾਸੀਆਂ ਨੂੰ ਕਿਵੇਂ ਸੂਚਿਤ ਕੀਤਾ ਜਾਵੇਗਾ। ਇਹ EAP ਕੌਂਸਲ ਦੀ ਵੈੱਬਸਾਈਟ 'ਤੇ ਉਪਲਬਧ ਹੈ: www.cairns.qld.gov.au/copperlodeEAP



# ਨਿਕਾਸੀ ਦੇ ਪੜਾਅ

## ਸ਼ੁਰੂਆਤੀ ਚੇਤਾਵਨੀ ਪ੍ਰਣਾਲੀ ਨੂੰ ਸਰਗਰਮ ਕਰਨਾ

ਡੈਮ ਟੁੱਟ ਜਾਣ ਦੀ ਬਹੁਤ ਹੀ ਅਸੰਭਾਵੀ ਸਥਿਤੀ ਵਿੱਚ 'ਸ਼ੁਰੂਆਤੀ ਚੇਤਾਵਨੀ ਪ੍ਰਣਾਲੀ' (Early Warning System) ਨੂੰ ਸਰਗਰਮ ਕੀਤਾ ਜਾਂਦਾ ਹੈ। ਇਹ ਪ੍ਰਣਾਲੀ ਵਸਨੀਕਾਂ ਅਤੇ ਸੈਲਾਨੀਆਂ ਨੂੰ ਟੈਕਸਟ ਸੁਨੇਹੇ, ਫ਼ੋਨ ਕਾਲਾਂ, ਈਮੇਲ ਅਤੇ Crystal Cascades (ਕ੍ਰਿਸਟਲ ਕੈਸਕੇਡਜ਼) ਤੋਂ Brinsmead (ਬ੍ਰਿਨਸਮੀਡ) ਤੱਕ Redlynch Valley (ਰੈੱਡਲਿੰਚ ਵੈਲੀ) ਵਿੱਚ ਕਈ **ਬਾਹਰ ਲੱਗੇ ਹੋਏ ਚੇਤਾਵਨੀ ਸਟੇਸ਼ਨਾਂ** (ਸਾਇਰਨ) ਰਾਹੀਂ ਉਸੇ ਸਮੇਂ ਤੁਰੰਤ ਚੇਤਾਵਨੀ ਦੇਣ ਲਈ ਨਵੀਨਤਮ ਤਕਨਾਲੋਜੀ ਦੀ ਵਰਤੋਂ ਕਰਦੀ ਹੈ। ਇਹ ਸਟੇਸ਼ਨ ਸਵੈਚਾਲਿਤ ਚੇਤਾਵਨੀ ਸਿਗਨਲ ਪ੍ਰਸਾਰਿਤ ਕਰਦੇ ਹਨ ਅਤੇ ਟਾਵਰਾਂ 'ਤੇ ਲੱਗੇ ਸਪੀਕਰਾਂ ਰਾਹੀਂ ਪਹਿਲਾਂ-ਤੋਂ-ਰਿਕਾਰਡ ਕੀਤੇ ਸੁਨੇਹੇ ਸੰਚਾਰਿਤ ਕਰਦੇ ਹਨ।



## ਸਾਇਰਨ ਦੀਆਂ ਆਵਾਜ਼ਾਂ

ਇਹ ਸਾਇਰਨ ਦੀ ਆਵਾਜ਼ ਇੱਕ ਆਮ ਆਪਾਤਕਾਲੀਨ ਚੇਤਾਵਨੀ ਸਿਗਨਲ ਤੋਂ ਵੱਖਰੀ ਹੈ। ਇਸ ਵਿੱਚੋਂ ਇੱਕ ਵਿਲੱਖਣ "ਵੂਪ ਵੂਪ" ਦੀ ਆਵਾਜ਼ ਆਉਂਦੀ ਹੈ ਅਤੇ ਡੈਮ ਟੁੱਟਣ ਬਾਰੇ ਇੱਕ ਖ਼ਾਸ ਸੁਨੇਹਾ ਪ੍ਰਸਾਰਿਤ ਕਰਦਾ ਹੈ।

ਡੈਮ ਟੁੱਟਣ ਦੀ ਬਹੁਤ ਹੀ ਅਸੰਭਾਵੀ ਘਟਨਾ ਵਿੱਚ, ਇਸ ਸਾਇਰਨ ਦੀ ਆਵਾਜ਼ ਸੁਣਾਈ ਦੇਵੇਗੀ ਜਿਸ ਤੋਂ ਬਾਅਦ ਅੱਗੇ ਦੱਸਿਆ ਹੋਇਆ ਰਿਕਾਰਡ ਕੀਤਾ ਸੁਨੇਹਾ ਸੁਣਾਈ ਦੇਵੇਗਾ:

**ਆਪਾਤਕਾਲੀਨ - ਆਪਾਤਕਾਲੀਨ - ਤੁਰੰਤ ਸਥਾਨ ਖ਼ਾਲੀ ਕਰੋ - ਉੱਚੀ ਜ਼ਮੀਨ ਉੱਤੇ ਚਲੇ ਜਾਓ**


ਇਹ ਚੇਤਾਵਨੀ ਸੁਣਾਈ ਦੇਣ ਉਪਰੰਤ, ਇਸ ਇਲਾਕੇ ਦੇ ਸਾਰੇ ਨਿਵਾਸੀਆਂ ਅਤੇ ਸੈਲਾਨੀਆਂ ਨੂੰ ਆਪਣੀ ਆਪਾਤਕਾਲੀਨ ਨਿਕਾਸੀ ਯੋਜਨਾ ਨੂੰ ਤੁਰੰਤ ਲਾਗੂ ਕਰਨਾ ਚਾਹੀਦਾ ਹੈ।

ਤੁਸੀਂ ਕੌਂਸਲ ਦੀ ਵੈੱਬਸਾਈਟ: www.cairns.qld.gov.au/copperlodeEAP 'ਤੇ ਜਾ ਕੇ ਇਸ ਸਾਇਰਨ ਦੀ ਆਵਾਜ਼ ਅਤੇ ਰਿਕਾਰਡ ਕੀਤੇ ਸੰਦੇਸ਼ ਨੂੰ ਸੁਣ ਸਕਦੇ ਹੋ।

*ਬਾਹਰੀ ਚੇਤਾਵਨੀ ਸਟੇਸ਼ਨ, ਕੇਵਲ ਕਲਪਨਾਤਮਕ ਪ੍ਰਭਾਵ*

## ਵਧੀਕ ਚੇਤਾਵਨੀਆਂ

"ਆਪਾਤਕਾਲੀਨ ਦੀ ਸਥਿਤੀ ਵਿੱਚ Cairns Regional Council ਕਈ ਟੈਕਸਟ ਮੈਸੇਜ ਚੇਤਾਵਨੀ ਪ੍ਰਣਾਲੀਆਂ ਦੀ ਵਰਤੋਂ ਕਰਦੀ ਹੈ। 'Cairns Alert' ਕੌਂਸਲ ਦਾ ਸੰਚਾਰ ਮੰਚ ਹੈ ਜੋ SMS ਅਤੇ ਈਮੇਲ ਰਾਹੀਂ ਸਥਾਨਕ ਆਫ਼ਤਾਂ ਅਤੇ ਆਪਾਤਕਾਲੀਨ ਘਟਨਾਵਾਂ ਬਾਰੇ ਚੇਤਾਵਨੀਆਂ ਅਤੇ ਸੂਚਨਾਵਾਂ ਜਾਰੀ ਕਰਨ ਲਈ ਵਰਤਿਆ ਜਾਂਦਾ ਹੈ। ਇਹ ਚੇਤਾਵਨੀਆਂ 'ਸਥਾਨਕ ਆਫ਼ਤ ਪ੍ਰਬੰਧਨ ਗਰੁੱਪ' ਵੱਲੋਂ ਭੇਜੀਆਂ ਗਈਆਂ ਅਧਿਕਾਰਤ ਸੂਚਨਾਵਾਂ ਹੁੰਦੀਆਂ ਹਨ। ਇਹ ਚੇਤਾਵਨੀਆਂ ਭੇਜਣ ਲਈ, 'ਰੈੱਡ ਜ਼ੋਨ' ਦੇ ਅੰਦਰ ਆਉਂਦੇ ਟੈਕਸ ਦਾਤਾਵਾਂ ਦਾ ਵੇਰਵਾ ਕੌਂਸਲ ਦੇ ਰੇਟਸ ਡੇਟਾਬੇਸ ਤੋਂ ਲਿਆ ਜਾਂਦਾ ਹੈ। ਨਿਵਾਸੀ (ਵਿਸ਼ੇਸ਼ ਤੌਰ 'ਤੇ ਕਿਰਾਏਦਾਰ) ਇਸ ਸੇਵਾ ਵਿੱਚ ਸ਼ਾਮਲ ਹੋ ਸਕਦੇ ਹਨ। ਚੇਤਾਵਨੀ ਵਾਲੇ SMS ਮੈਸੇਜਾਂ ਨੂੰ ਰਾਸ਼ਟਰੀ ਆਪਾਤਕਾਲੀਨ ਚੇਤਾਵਨੀ ਪ੍ਰਣਾਲੀ (National Emergency Alert System) ਰਾਹੀਂ ਵੀ ਪ੍ਰਾਪਤ ਕੀਤਾ ਜਾ ਸਕਦਾ ਹੈ। ਤੁਹਾਨੂੰ ਇਸ ਸੇਵਾ ਲਈ ਰਜਿਸਟਰ (ਸਬਸਕ੍ਰਾਈਬ) ਕਰਨ ਦੀ ਲੋੜ ਨਹੀਂ ਹੈ। ਕੌਂਸਲ, ਕੈਰਨਜ਼ ਡਿਜ਼ਾਸਟਰ ਡੈਸ਼ਬੋਰਡ (Cairns Disaster Dashboard) ਦਾ ਵੀ ਪ੍ਰਬੰਧਨ ਕਰਦੀ ਹੈ ਜੋ ਇੰਟਰਨੈੱਟ ਰਾਹੀਂ ਆਫ਼ਤ ਨਾਲ ਸੰਬੰਧਿਤ ਖ਼ਬਰਾਂ ਅਤੇ ਜਾਣਕਾਰੀ ਪ੍ਰਦਾਨ ਕਰਦਾ ਹੈ। ਇੱਥੇ ਜਾਓ: disaster.cairns.qld.gov.au"



## ਮਹੱਤਵਪੂਰਨ ਨੋਟ

ਨਿਕਾਸੀ ਚੇਤਾਵਨੀਆਂ ਸਿਰਫ਼ ਤਦੋਂ ਹੀ ਜਾਰੀ ਕੀਤੀਆਂ ਜਾਣਗੀਆਂ ਜਦੋਂ Copperlode Falls Dam ਦੀ ਕੰਧ ਬਿਨਾਂ ਚੇਤਾਵਨੀ ਦੇ ਟੁੱਟ ਜਾਂਦੀ ਹੈ, ਜਾਂ ਜੇਕਰ ਨਜ਼ਦੀਕੀ ਭਵਿੱਖ ਵਿੱਚ ਡੈਮ ਦੇ ਟੁੱਟਣ ਦੀ ਸੰਭਾਵਨਾ ਬਹੁਤ ਜ਼ਿਆਦਾ ਹੈ।



# ਨਿਕਾਸੀ ਦੌਰਾਨ

## ਤੁਰੰਤ ਕਾਰਵਾਈ ਕਰੋ

ਜੇਕਰ ਤੁਸੀਂ ਰੈੱਡ ਜ਼ੋਨ ਵਿੱਚ ਸਥਿਤ ਹੋ ਅਤੇ ਤੁਹਾਨੂੰ ਖ਼ਾਲੀ ਕਰਨ ਦੀ ਸੂਚਨਾ ਸੁਣਾਈ ਦੇਵੇ ਤਾਂ ਤੁਹਾਨੂੰ **ਤੁਰੰਤ ਉੱਥੋਂ ਨਿਕਲਣਾ** ਚਾਹੀਦਾ ਹੈ। ਆਪਣੇ ਨਜ਼ਦੀਕੀ ਇੱਕਠੇ ਹੋਣ ਦੇ ਸਥਾਨ (ਅਸੈਂਬਲੀ ਪੁਆਇੰਟ) **ਵੱਲ ਪੈਦਲ ਜਾਓ** (ਜੋ ਕਿ ਪੰਨੇ 6-16 ਦੇ ਨਕਸ਼ਿਆਂ 'ਤੇ ਤਾਰੇ ਨਾਲ ਨਿਸ਼ਾਨਬੱਧ ਕੀਤੇ ਗਏ ਹਨ) ਬਗ਼ੈਰ ਗੱਡੀ ਚਲਾਏ ਜਾਂ ਨਿਕਾਸੀ ਰੂਟਾਂ ਨੂੰ ਬਗ਼ੈਰ ਜਾਮ ਕੀਤੇ – **ਗੱਡੀ ਨਾ ਚਲਾਓ।**

# ਨਿਕਾਸੀ ਬਾਅਦ

ਉਦੋਂ ਤੱਕ ਉੱਚੀ ਜਗ੍ਹਾ 'ਤੇ ਰਹੋ ਜਦੋਂ ਤੱਕ ਤੁਹਾਨੂੰ ਇਹ ਸਲਾਹ ਨਹੀਂ ਦਿੱਤੀ ਜਾਂਦੀ ਕਿ ਹੁਣ ਜਾਣਾ ਸੁਰੱਖਿਅਤ ਹੈ। ਅਧਿਕਾਰਤ ਚੈਨਲਾਂ ਨੂੰ ਸੁਣਦੇ ਰਹੋ ਕਿਉਂਕਿ ਹੋ ਸਕਦਾ ਹੈ ਕਿ ਤੁਹਾਡੀ ਜਾਇਦਾਦ 'ਤੇ ਵਾਪਸ ਜਾਣਾ ਸੁਰੱਖਿਅਤ ਨਾ ਹੋਵੇ। ਨਿਕਾਸੀ ਦੌਰਾਨ ਅਤੇ ਬਾਅਦ ਵਿੱਚ ਇਨ੍ਹਾਂ ਚੈਨਲਾਂ: ਸਥਾਨਕ ਰੇਡੀਓ, ਟੀਵੀ, ਵੈੱਬਸਾਈਟਾਂ, ਸੋਸ਼ਲ ਮੀਡੀਆ ਅਤੇ SMS ਮੈਸੇਜਾਂ ਰਾਹੀਂ ਹੋਰ ਜਾਣਕਾਰੀ ਪ੍ਰਸਾਰਿਤ ਕੀਤੀ ਜਾਵੇਗੀ।

ਆਪਾਤਕਾਲੀਨ ਸੇਵਾਵਾਂ ਸਲਾਹ ਅਤੇ ਹਿਦਾਇਤਾਂ ਜਾਰੀ ਕਰਨਗੀਆਂ। ਜੇ ਤੁਹਾਨੂੰ ਸਹਾਇਤਾ ਦੀ ਲੋੜ ਹੈ ਤਾਂ ਇਸ ਲਈ ਫ਼ੋਨ ਕਰੋ (ਇਸ ਪੰਨੇ ਦੇ ਪਿਛਲੇ ਪਾਸੇ **ਆਪਾਤਕਾਲੀਨ ਸੰਪਰਕ ਨੰਬਰ** ਦੇਖੋ)। ਹੜ੍ਹ ਵਾਲੇ ਖੇਤਰਾਂ ਤੋਂ ਦੂਰ ਰਹੋ ਭਾਵੇਂ ਤੁਸੀਂ ਉਨ੍ਹਾਂ ਨੂੰ ਚੰਗੀ ਤਰ੍ਹਾਂ ਜਾਣਦੇ ਹੋ।

# ਤਿਆਰ ਰਹੋ ਅਤੇ ਜਾਣੋ ਕਿ ਕਿੱਥੇ ਜਾਣਾ ਹੈ

ਆਪਾਤਕਾਲੀਨ ਦੌਰਾਨ ਕਾਰਵਾਈ ਕਰਨ ਲਈ ਤਿਆਰ ਰਹਿਣ ਅਤੇ ਸਾਡੇ ਭਾਈਚਾਰੇ ਨੂੰ ਸੁਰੱਖਿਅਤ ਰੱਖਣ ਨੂੰ ਯਕੀਨੀ ਬਣਾਉਣ ਵਿੱਚ ਸਾਡੇ ਸਾਰਿਆਂ ਦੀ ਮਹੱਤਵਪੂਰਨ ਭੂਮਿਕਾ ਹੈ। ਹਰ ਕਿਸੇ ਦੀ ਸੁਰੱਖਿਆ ਲਈ ਇਸ ਯੋਜਨਾ ਬਾਰੇ ਆਪਣੇ ਪਰਿਵਾਰ, ਪਰਿਵਾਰਕ ਮੈਂਬਰਾਂ, ਜਾਂ ਕਾਰੋਬਾਰੀ ਸਹਿਯੋਗੀਆਂ ਨਾਲ ਵਿਚਾਰ-ਵਟਾਂਦਰਾ ਕਰਨਾ ਅਤੇ ਸਾਂਝਾ ਕਰਨਾ ਜ਼ਰੂਰੀ ਹੈ।

## ਆਪਣੇ ਨਿਕਾਸੀ ਰਸਤੇ ਨੂੰ ਹੁਣੇ ਨਿਸ਼ਾਨਬੱਧ ਕਰੋ

ਇਹ ਪਤਾ ਕਰਨ ਲਈ ਹੇਠਾਂ ਦਿੱਤੇ ਨਕਸ਼ਿਆਂ ਦੀ ਵਰਤੋਂ ਕਰੋ ਕਿ ਕੀ ਤੁਹਾਡਾ ਘਰ ਜਾਂ ਕਾਰੋਬਾਰ ਰੈੱਡ ਜ਼ੋਨ ਵਿੱਚ ਹੈ ਜਾਂ ਇਸਦੇ ਨੇੜੇ ਹੈ।

ਇਸ ਨਕਸ਼ੇ 'ਤੇ ਬਣੇ ਤਾਰੇ ਇਨ੍ਹਾਂ ਇਕੱਤਰ ਹੋਣ ਵਾਲੀਆਂ ਜਗ੍ਹਾਵਾਂ ਨੂੰ ਦਰਸਾਉਂਦੇ ਹਨ।

ਤੁਹਾਨੂੰ ਆਪਣੇ ਨਜ਼ਦੀਕੀ ਨਿਕਾਸੀ ਅਸੈਂਬਲੀ ਪੁਆਇੰਟ ਨੂੰ ਲੱਭਣ ਦੀ ਲੋੜ ਹੈ ਜੋ ਕਿ ਇਸ ਰੈੱਡ ਜ਼ੋਨ ਤੋਂ ਬਾਹਰ ਹੋਵੇ। ਫੌਰੀ ਖ਼ਤਰਾ ਲੰਘਣ ਤੋਂ ਬਾਅਦ ਆਪਾਤਕਾਲੀਨ ਸੇਵਾਵਾਂ ਇਨ੍ਹਾਂ ਇਕੱਤਰ ਹੋਣ ਵਾਲੀਆਂ ਜਗ੍ਹਾਵਾਂ 'ਤੇ ਸਹਾਇਤਾ ਕਰ ਸਕਦੀਆਂ ਹਨ।

**ਹੁਣ ਇਨ੍ਹਾਂ ਕਦਮਾਂ ਦੀ ਪਾਲਣਾ ਕਰਨ ਨਾਲ ਤੁਹਾਡਾ ਸਮਾਂ ਬਚੇਗਾ, ਜੇਕਰ ਸ਼ੁਰੂਆਤੀ ਚੇਤਾਵਨੀ ਪ੍ਰਣਾਲੀ ਸਰਗਰਮ ਹੋ ਜਾਂਦੀ ਹੈ ਅਤੇ ਸਾਈਰਨ ਵੱਜਣ ਅਤੇ ਨਿਕਾਸੀ ਸੰਦੇਸ਼ ਦੀ ਆਵਾਜ਼ ਆਉਂਦੀ ਹੈ।**

## ਕਦਮ 1 ਆਪਣੀ ਜਾਇਦਾਦ ਲੱਭੋ

- ਆਪਣੀ ਜਾਇਦਾਦ ਲੱਭਣ ਲਈ ਨਕਸ਼ੇ 1-10 ਦੀ ਵਰਤੋਂ ਕਰੋ। ਇਸ ਨੂੰ ਨਕਸ਼ੇ 'ਤੇ ਨਿਸ਼ਾਨਬੱਧ ਕਰੋ ਅਤੇ ਪਛਾਣ ਕਰੋ ਕਿ ਕੀ ਤੁਹਾਡੀ ਜਾਇਦਾਦ 'ਰੈੱਡ ਜ਼ੋਨ' ਵਿੱਚ ਹੈ।


## ਕਦਮ 2 ਜੇਕਰ ਤੁਹਾਡੀ ਜਾਇਦਾਦ ਰੈੱਡ ਜ਼ੋਨ ਵਿੱਚ ਹੈ

- ਤੁਹਾਨੂੰ ਆਪਣਾ ਨਜ਼ਦੀਕੀ ਅਸੈਂਬਲੀ ਪੁਆਇੰਟ ਲੱਭਣ ਦੀ ਲੋੜ ਹੈ। ਇਹ ਸਥਾਨ ਤੁਹਾਡੀ ਜਾਇਦਾਦ ਨਾਲੋਂ ਉੱਚੇ ਇਲਾਕੇ ਵਿੱਚ ਹੋਵੇਗਾ। ਇਸ ਨਕਸ਼ੇ 'ਤੇ ਬਣੇ ਤਾਰੇ ਇਨ੍ਹਾਂ ਇਕੱਤਰ ਹੋਣ ਵਾਲੀਆਂ ਜਗ੍ਹਾਵਾਂ ਨੂੰ ਦਰਸਾਉਂਦੇ ਹਨ।
- ਨਕਸ਼ੇ ਉੱਪਰ ਆਪਣੇ ਘਰ ਤੋਂ ਲੈ ਕੇ ਆਪਣੇ ਨਜ਼ਦੀਕੀ ਅਸੈਂਬਲੀ ਪੁਆਇੰਟ ਤੱਕ ਇੱਕ ਰਸਤਾ ਉਲੀਕੋ।
- ਯਕੀਨੀ ਬਣਾਓ ਕਿ ਤੁਹਾਡੇ ਅਸੈਂਬਲੀ ਪੁਆਇੰਟ ਤੱਕ ਦਾ ਨਿਕਾਸੀ ਰਸਤਾ ਸੰਭਾਵੀ ਖ਼ਤਰਿਆਂ ਤੋਂ ਮੁਕਤ ਹੈ, ਜਿਸ ਵਿੱਚ ਪਾਣੀ ਦਾ ਵਹਾਅ ਵੀ ਸ਼ਾਮਲ ਹੈ।
- ਇਸ ਰਸਤੇ 'ਤੇ ਚੱਲਣ ਦਾ ਅਭਿਆਸ ਕਰੋ।
- ਜੇਕਰ ਪਹਿਲਾ ਰਸਤਾ ਪਹੁੰਚ ਤੋਂ ਬਾਹਰ ਹੋ ਜਾਂਦਾ ਹੈ ਤਾਂ ਉਸ ਸਥਿਤੀ ਲਈ ਕਿਸੇ ਹੋਰ/ਦੂਸਰੇ ਟਿਕਾਣੇ ਅਤੇ ਨਿਕਾਸੀ ਰਸਤੇ ਦੀ ਪਛਾਣ ਕਰੋ। ਨਕਸ਼ੇ ਉੱਪਰ ਇਸ ਦੂਸਰੇ ਰਸਤੇ ਨੂੰ ਵੀ ਨਿਸ਼ਾਨਬੱਧ ਕਰੋ।

## ਕਦਮ 3 ਜੇਕਰ ਤੁਹਾਡੀ ਜਾਇਦਾਦ ਰੈੱਡ ਜ਼ੋਨ ਵਿੱਚ ਨਹੀਂ ਹੈ ਪਰ ਇਸਦੇ ਨੇੜੇ ਹੈ

- ਵਿਚਾਰ ਕਰੋ ਕਿ ਜੇਕਰ ਤੁਹਾਨੂੰ ਰੈੱਡ ਜ਼ੋਨ ਤੋਂ ਦੂਰ ਉੱਚੀ ਜ਼ਮੀਨ 'ਤੇ ਜਾਣ ਦੀ ਲੋੜ ਹੈ, ਤਾਂ ਤੁਸੀਂ ਕਿੱਥੇ ਜਾਓਗੇ, ਅਤੇ ਇਸ ਨੂੰ ਨਕਸ਼ੇ 'ਤੇ ਨਿਸ਼ਾਨਬੱਧ ਕਰੋ।
- ਆਪਣੇ ਘਰ ਤੋਂ ਸੁਰੱਖਿਅਤ ਸਥਾਨ 'ਤੇ ਲਿਜਾਣ ਲਈ ਇਸ ਨਕਸ਼ੇ 'ਤੇ ਇੱਕ ਰਸਤਾ ਬਣਾਓ।
- ਯਕੀਨੀ ਬਣਾਓ ਕਿ ਇਸ ਸਥਾਨ ਦਾ ਰਸਤਾ ਨਦੀਆਂ ਜਾਂ ਜਲ ਮਾਰਗਾਂ ਸਮੇਤ ਸੰਭਾਵੀ ਖ਼ਤਰਿਆਂ ਤੋਂ ਮੁਕਤ ਹੈ।
- ਇਸ ਰਸਤੇ 'ਤੇ ਚੱਲਣ ਦਾ ਅਭਿਆਸ ਕਰੋ।

# ਰੈੱਡਲਿੰਚ ਵੈਲੀ ਦਾ ਨਕਸ਼ਾ




## ਪ੍ਰਭਾਵਿਤ ਇਲਾਕੇ ਦੇ ਨਕਸ਼ੇ

**ਨਕਸ਼ਾ 1** ਕ੍ਰਿਸਟਲ ਕੈਸਕੇਡਜ਼
**ਨਕਸ਼ਾ 2** ਗੰਬੂਰਾ ਡਰਾਈਵ ਪਾਰਕ
**ਨਕਸ਼ਾ 3** ਕਰੂੰਡਾ ਕਰੀਕ
**ਨਕਸ਼ਾ 4** ਕੇਰਨਜ਼ ਕ੍ਰਿਸਟਲ ਕੈਸਕੇਡਜ਼ ਹੋਲੀਡੇ ਪਾਰਕ
**ਨਕਸ਼ਾ 5** ਰੈੱਡਲਿੰਚ ਸੈਂਟਰਲ
**ਨਕਸ਼ਾ 6** ਫਰੈਸ਼ਵਾਟਰ ਕ੍ਰਿਸ਼ਚੀਅਨ ਕਾਲਜ
**ਨਕਸ਼ਾ 7** ਰੈਡਲਿੰਚ ਪਾਰਕ - ਰੈੱਡ ਬੇਰੇਟ ਹੋਟਲ
**ਨਕਸ਼ਾ 8** ਰੈਡਲਿੰਚ ਪਾਰਕ - ਫ਼ਰੈਸ਼ਵਾਟਰ ਰੇਲਵੇ ਸਟੇਸ਼ਨ
**ਨਕਸ਼ਾ 9** ਬੈਰਨ ਰਿਵਰ - ਲੋਅਰ ਫਰੈਸ਼ਵਾਟਰ ਰੋਡ
**ਨਕਸ਼ਾ 10** ਬੈਰਨ ਰਿਵਰ - ਫਰੈਸ਼ਵਾਟਰ ਰੇਲਵੇ ਸਟੇਸ਼ਨ


**ਇਸ ਰੈੱਡ ਜ਼ੋਨ ਤੋਂ ਬਾਹਰਲੇ ਖੇਤਰ ਅਜੇ ਵੀ ਪ੍ਰਭਾਵਿਤ ਹੋ ਸਕਦੇ ਹਨ।**

ਜੇ ਤੁਹਾਡਾ ਘਰ ਜਾਂ ਕਾਰੋਬਾਰ ਇਸ ਰੈੱਡ ਜ਼ੋਨ ਵਿੱਚ ਕਿਤੇ ਵੀ ਜਾਂ ਇਸਦੇ ਨੇੜੇ ਸਥਿਤ ਹੈ, ਤਾਂ ਤੁਹਾਨੂੰ ਤਿਆਰ ਰਹਿਣਾ ਚਾਹੀਦਾ ਹੈ ਅਤੇ ਜਾਣਨਾ ਚਾਹੀਦਾ ਹੈ ਕਿ ਜੇ ਕਾਪਰਲੋਡ ਫਾਲਜ਼ ਡੈਮ ਆਪਾਤਕਾਲੀਨ ਨਿਕਾਸੀ ਯੋਜਨਾ ਸਰਗਰਮ ਹੋ ਜਾਂਦੀ ਹੈ ਤਾਂ ਕੀ ਕਰਨਾ ਹੈ।

ਇਸ ਯੋਜਨਾ ਬਾਰੇ ਆਪਣੇ ਪਰਿਵਾਰ ਜਾਂ ਪਰਿਵਾਰਕ ਮੈਂਬਰਾਂ ਨਾਲ ਵਿਚਾਰ-ਵਟਾਂਦਰਾ ਕਰਨਾ ਅਤੇ ਸਾਂਝੀ ਕਰਨੀ ਜ਼ਰੂਰੀ ਹੈ। ਹੁਣ ਇਸ ਸੁਝਾਏ ਗਏ ਨਿਕਾਸੀ ਰਸਤੇ 'ਤੇ ਚੱਲ ਕੇ ਦੇਖੋ ਤਾਂ ਜੋ ਹਰ ਕੋਈ ਜਾਣ ਸਕੇ ਕਿ ਉਨ੍ਹਾਂ ਨੂੰ ਕਿੱਥੇ ਜਾਣ ਦੀ ਜ਼ਰੂਰਤ ਹੈ।

# ਮੇਰੀ ਨਿਕਾਸੀ ਯੋਜਨਾ

## ਨਕਸ਼ਾ 1 Crystal Cascades (ਕ੍ਰਿਸਟਲ ਕੈਸਕੇਡਜ਼)



# ਨਕਸ਼ਾ 2 ਗੰਬੁਰਾ ਡਰਾਈਵ ਪਾਰਕ



# ਨਕਸ਼ਾ 3 ਕਰੂੰਡਾ ਕਰੀਕ


N
ਨਕਸ਼ੇ 4 ਨਾਲ ਜੁੜਦਾ ਹੈ
ਬਾਹਰੀ ਚੇਤਾਵਨੀ ਸਟੇਸ਼ਨ
ਰੈਸਟੋਰੈਂਟ
ਨਕਸ਼ੇ 2 ਨਾਲ ਜੁੜਦਾ ਹੈ
14
13
12
11
10
Soderberg Cl
Redlynch Intake Rd
The Rocks Rd
Freshwater Creek
Cheepi Creek
Crystal Cl
Demidenko Cl
Mackerras St
Sascha Cl
Kippin Cl
Xavier Herbert Dr
Kehone St
Scaglioni St
Heysen Cl
McBride St
Taffies St
Lowther Cl
Willoughby Cl
Watervale Cl
Runnymede Ave
Beltana Cl
Quoll Cl
Mary Parker Drive
Gamburra Dr
Jak Gee St
Lum Jim St
ਲੀਜੈਂਡ
ਬਾਹਰੀ ਚੇਤਾਵਨੀ ਸਟੇਸ਼ਨ
ਹਵਾਲਾ ਬਿੰਦੂ
ਰੈੱਡ ਜ਼ੋਨ
ਅਸੈਂਬਲੀ ਪੁਆਇੰਟ (ਇੱਕਠੇ ਹੋਣ ਦਾ ਸਥਾਨ)
ਪੈਦਲ ਰਸਤਾ
ਹੋਰ ਜਾਣਕਾਰੀ ਲਈ ਪੰਨਾ 5 ਵੇਖੋ।


# ਨਕਸ਼ਾ 4 ਕੇਰਨਜ਼ ਕ੍ਰਿਸਟਲ ਕੈਸਕੇਡਜ਼ ਹੋਲੀਡੇ ਪਾਰਕ

▲ ਨਕਸ਼ੇ 5 ਅਤੇ 6 ਨਾਲ ਜੁੜਦਾ ਹੈ ▲




▼ ਨਕਸ਼ੇ 3 ਨਾਲ ਜੁੜਦਾ ਹੈ ▼

# ਨਕਸ਼ਾ 5 Redlynch Central (ਰੈੱਡਲਿੰਚ ਸੈਂਟਰਲ)




## ਲੀਜੈਂਡ

- ਬਾਹਰੀ ਚੇਤਾਵਨੀ ਸਟੇਸ਼ਨ
- ਹਵਾਲਾ ਬਿੰਦੂ
- ਰੈੱਡ ਜ਼ੋਨ
- ਅਸੈਂਬਲੀ ਪੁਆਇੰਟ (ਇੱਕਠੇ ਹੋਣ ਦਾ ਸਥਾਨ)
- ਪੈਦਲ ਰਸਤਾ

**ਹੋਰ ਜਾਣਕਾਰੀ ਲਈ ਪੰਨਾ 5 ਵੇਖੋ।**

# ਨਕਸ਼ਾ 6 ਫਰੈਸ਼ਵਾਟਰ ਕ੍ਰਿਸ਼ਚੀਅਨ ਕਾਲਜ

▲ ਨਕਸ਼ੇ 8 ਨਾਲ ਜੁੜਦਾ ਹੈ ▲





▼ ਨਕਸ਼ੇ 4 ਨਾਲ ਜੁੜਦਾ ਹੈ ▼

# ਨਕਸ਼ਾ 7 Redlynch Park – Red Beret Hotel (ਰੈਡਲਿੰਚ ਪਾਰਕ - ਰੈੱਡ ਬੇਰੇਟ ਹੋਟਲ)



# ਨਕਸ਼ਾ 8 Redlynch Park – Freshwater Railway Station (ਰੈਡਲਿੰਚ ਪਾਰਕ - ਫ਼ਰੈਸ਼ ਵਾਟਰ ਰੇਲਵੇ ਸਟੇਸ਼ਨ)




# ਨਕਸ਼ਾ 9 ਬੈਰਨ ਰਿਵਰ - ਲੋਅਰ ਫਰੈਸ਼ਵਾਟਰ ਰੋਡ




ਨਕਸ਼ੇ 7 ਨਾਲ ਜੁੜਦਾ ਹੈ

# ਨਕਸ਼ਾ 10 ਬੈਰਨ ਰਿਵਰ - ਲੋਅਰ ਫਰੈਸ਼ਵਾਟਰ ਰੇਲਵੇ ਸਟੇਸ਼ਨ




ਨਕਸ਼ੇ 8 ਨਾਲ ਜੁੜਦਾ ਹੈ

# ਅਕਸਰ ਪੁੱਛੇ ਜਾਣ ਵਾਲੇ ਸਵਾਲ

## ਮੈਨੂੰ ਆਪਾਤਕਾਲੀਨ ਨਿਕਾਸੀ ਯੋਜਨਾ ਦੀ ਲੋੜ ਕਿਉਂ ਹੈ?

ਆਪਾਤਕਾਲ ਵਿੱਚ, ਹਰ ਕਿਸੇ ਉਤੇ ਆਪਣੀ ਸੁਰੱਖਿਆ ਆਪ ਕਰਨ ਦੀ ਜ਼ਿੰਮੇਵਾਰੀ ਹੁੰਦੀ ਹੈ। ਹੁਣ ਇੱਕ ਯੋਜਨਾ ਹੋਣ ਨਾਲ ਉਦੋਂ ਤੁਹਾਡਾ ਸਮਾਂ ਬਚੇਗਾ, ਜੇਕਰ ਜਦੋਂ ਸ਼ੁਰੂਆਤੀ ਚੇਤਾਵਨੀ ਪ੍ਰਣਾਲੀ ਸਰਗਰਮ ਹੋ ਜਾਂਦੀ ਹੈ ਅਤੇ ਸਾਈਰਨ ਵੱਜਣ ਅਤੇ ਨਿਕਾਸੀ ਸੰਦੇਸ਼ ਦੀ ਆਵਾਜ਼ ਆਉਂਦੀ ਹੈ। ਰੈੱਡਲਿੰਚ ਵੈਲੀ ਅਤੇ ਉਸਦੇ ਆਸ-ਪਾਸ ਦੇ ਇਲਾਕਿਆਂ ਦੇ ਵਸਨੀਕਾਂ ਅਤੇ ਕਾਰੋਬਾਰੀ ਮਾਲਕਾਂ ਨੂੰ ਆਪਣੀ ਆਪਾਤਕਾਲੀਨ ਨਿਕਾਸੀ ਯੋਜਨਾ ਤਿਆਰ ਕਰਨ, ਸਾਂਝਾ ਕਰਨ ਅਤੇ ਅਭਿਆਸ ਕਰਨ ਲਈ ਇਸ ਗਾਈਡ ਦੀ ਵਰਤੋਂ ਕਰਨੀ ਚਾਹੀਦੀ ਹੈ।

## ਕਿਹੜੇ ਇਲਾਕਿਆਂ ਦੇ ਪ੍ਰਭਾਵਿਤ ਹੋਣ ਦੀ ਸੰਭਾਵਨਾ ਹੈ?

ਹਾਲਾਂਕਿ ਡੈਮ ਟੁੱਟਣ ਦੀ ਸੰਭਾਵਨਾ ਬਹੁਤ ਜ਼ਿਆਦਾ ਘੱਟ ਹੈ, ਪਰ ਇਸਦੇ ਨਤੀਜੇ ਇੱਕ ਵੱਡੇ ਖੇਤਰ ਵਿੱਚ ਗੰਭੀਰ ਹੋ ਸਕਦੇ ਹਨ ਜੋ ਕ੍ਰਿਸਟਲ ਕੈਸਕੇਡਜ਼ ਤੋਂ ਲੈ ਕੇ ਰੈੱਡਲਿੰਚ ਵੈਲੀ ਰਾਹੀਂ ਫਰੈਸ਼ਵਾਟਰ ਅਤੇ ਬ੍ਰਿਨਸਮੀਡ ਤੱਕ ਫ਼ੈਲਿਆਂ ਹੋਇਆ ਹੈ (ਨਕਸ਼ੇ ਦਾ ਪੰਨਾ 6 - ਪ੍ਰਭਾਵਿਤ ਖੇਤਰ ਦੇ ਨਕਸ਼ੇ ਦੇਖੋ)। ਇਹ ਬਹੁਤ ਜ਼ਿਆਦਾ ਮਹੱਤਵਪੂਰਨ ਹੈ ਕਿ ਜੇ ਤੁਸੀਂ ਕਿਸੇ ਪਛਾਣ ਕੀਤੇ ਗਏ ਰੈੱਡ ਜ਼ੋਨ ਵਿੱਚ ਰਹਿੰਦੇ ਹੋ, ਤਾਂ ਤੁਸੀਂ ਅਤੇ ਤੁਹਾਡਾ ਪਰਿਵਾਰ ਆਪਣੇ ਸੰਭਾਵੀ ਜ਼ੋਖਮ ਨੂੰ ਸਮਝਦੇ ਹੋ, ਜਾਣਦੇ ਹੋ ਕਿ ਜੇ ਖ਼ਾਲੀ ਕਰਨ ਦਾ ਹੁਕਮ ਦਿੱਤਾ ਜਾਂਦਾ ਹੈ ਤਾਂ ਕੀ ਕਰਨਾ ਹੈ, ਅਤੇ ਸਭ ਤੋਂ ਮਹੱਤਵਪੂਰਨ ਗੱਲ ਇਹ ਜਾਣਨਾ ਹੈ ਕਿ ਕਿੱਥੇ ਜਾਣਾ ਹੈ।

## ‘ਰੈੱਡ ਜ਼ੋਨ’ ਕੀ ਹੈ?

ਰੈੱਡ ਜ਼ੋਨ ਡੈਮ ਟੁੱਟਣ ਦੀ ਅਸੰਭਾਵੀ ਸਥਿਤੀ ਵਿੱਚ ਸੰਭਾਵਿਤ ਤੌਰ ‘ਤੇ ਪ੍ਰਭਾਵਿਤ ਹੋਣ ਵਾਲੇ ਵੱਧ ਖ਼ਤਰੇ ਵਾਲੇ ਇਲਾਕਿਆਂ ਨੂੰ ਦਰਸਾਉਂਦੀ ਹੈ।

## ਮੈਨੂੰ ਕਿੰਨ੍ਹੇ ਕੁ ਸਮੇਂ ਦਾ ਨੋਟਿਸ ਮਿਲੇਗਾ?

ਸਾਈਰਨ ਵਸਨੀਕਾਂ ਅਤੇ ਸੈਲਾਨੀਆਂ ਨੂੰ ਸਿਰਫ਼ ਉਦੋਂ ਨਿਕਾਸੀ ਕਰਨ ਲਈ ਚੇਤਾਵਨੀ ਦੇਣਗੇ ਜਦੋਂ ਡੈਮ ਟੁੱਟਣ ਵਾਲਾ ਹੈ ਜਾਂ ਟੁੱਟ ਚੁੱਕਿਆ ਹੋਵੇਗਾ। ਸਾਇਰਨ ਸੁਣਾਈ ਦੇਣ ਉਪਰੰਤ, ਕਰਨ ਲਈ ਸਭ ਤੋਂ ਵੱਧ ਸੁਰੱਖਿਅਤ ਕੰਮ ਤੁਰੰਤ ਕਾਰਵਾਈ ਕਰਨਾ ਹੈ ਅਤੇ ਰੈੱਡ ਜ਼ੋਨ ਤੋਂ ਦੂਰ ਉੱਚੀ ਜ਼ਮੀਨ ‘ਤੇ ਪਹਿਲਾਂ ਪਛਾਣੇ ਗਏ ਅਸੈਂਬਲੀ ਪੁਆਇੰਟ ‘ਤੇ ਪੈਦਲ ਜਾਣਾ ਹੈ।

## ਡੈਮ ਟੁੱਟਣ ਦੀ ਸੰਭਾਵਨਾ ਕਿੰਨੀ ਕੁ ਹੈ?

ਡੈਮ ਟੁੱਟਣ ਦੀ ਸੰਭਾਵਨਾ ਬਹੁਤ ਘੱਟ ਹੈ ਕੌਂਸਲ ਨੇ ਡੈਮ ਦੀ ਅਖੰਡਤਾ ਨੂੰ ਯਕੀਨੀ ਬਣਾਉਣ ਲਈ ਉਪਾਅ ਕੀਤੇ ਹੋਏ ਹਨ, ਜਿਸ ਵਿੱਚ ਵਿਸਥਾਰ ਪੂਰਵਕ ਨਿਗਰਾਨੀ, ਮੁਆਇਨਾ ਪ੍ਰਕਿਰਿਆਵਾਂ ਅਤੇ ਲਗਾਤਾਰ ਮੁਰੰਮਤ ਕਰਨ ਦੇ ਪ੍ਰੋਗਰਾਮ ਸ਼ਾਮਲ ਹਨ। ਇਹ ਨਿਕਾਸੀ ਗਾਈਡ ਸਿਰਫ਼ ਇੱਕ ਅਣਕਿਆਸੀ ਮੌਸਮ-ਨਾਲ-ਨਾ-ਸੰਬੰਧਿਤ ਘਟਨਾ ਨਾਲ ਸੰਬੰਧਿਤ ਹੈ ਜੇਕਰ ਜਿਸਦੇ ਨਤੀਜੇ ਵਜੋਂ ਡੈਮ ਟੁੱਟ ਜਾਂਦਾ ਹੈ।

## ਮੈਂ ਪੈਦਲ ਨਿਕਾਸੀ ਕਰਨ ਵਿੱਚ ਅਸਮਰੱਥ ਹਾਂ। ਮੈਨੂੰ ਕੀ ਕਰਨਾ ਚਾਹੀਦਾ ਹੈ?

ਹਰ ਕੋਈ ਆਪਣੀ ਸੁਰੱਖਿਆ ਲਈ ਆਪ ਜ਼ਿੰਮੇਵਾਰ ਹੈ। ਰੈੱਡ ਜ਼ੋਨ ਵਿੱਚ ਰਹਿਣ ਵਾਲੇ ਅਪਾਹਜ ਲੋਕ ਅਤੇ ਬਜ਼ੁਰਗ ਵਸਨੀਕ ਆਪਣੀ ਨਿਕਾਸੀ ਲਈ ਆਪ ਜ਼ਿੰਮੇਵਾਰ ਹਨ ਅਤੇ ਉਹਨਾਂ ਨੂੰ ਆਪਣੀ ਇੱਕ ਨਿੱਜੀ ਆਪਾਤਕਾਲੀਨ ਨਿਕਾਸੀ ਯੋਜਨਾ ਤਿਆਰ ਕਰਨੀ ਚਾਹੀਦੀ ਹੈ। ਇਸ ਯੋਜਨਾ ਵਿੱਚ ਕਿਸੇ ਅਜਿਹੇ ਵਿਅਕਤੀ ਦੀ ਪਛਾਣ ਕਰਨੀ ਸ਼ਾਮਲ ਹੋਣੀ ਚਾਹੀਦੀ ਹੈ, ਜਿਵੇਂ ਕਿ ਕੋਈ ਪਰਿਵਾਰਕ ਮੈਂਬਰ, ਗੁਆਂਢੀ ਜਾਂ ਦੋਸਤ, ਤਾਂ ਜੋ ਕਿਸੇ ਅਸੈਂਬਲੀ ਪੁਆਇੰਟ ਤੱਕ ਲਿਜਾਣ ਵਿੱਚ ਤੁਹਾਡੀ ਮੱਦਦ ਕਰ ਸਕੇ।

## ਕਾਪਰਲੋਡ ਫਾਲਜ਼ ਡੈਮ ਆਪਾਤਕਾਲੀਨ ਐਕਸ਼ਨ ਪਲਾਨ (ਕਾਰਵਾਈ ਯੋਜਨਾ) ਕੀ ਹੈ?


ਕਾਪਰਲੋਡ ਫਾਲਜ਼ ਡੈਮ ਦੇ ਮਾਲਕ ਹੋਣ ਦੇ ਨਾਤੇ, ਅਤੇ ਇਸਦੀਆਂ ਕਾਨੂੰਨੀ ਲੋੜਾਂ ਦੇ ਹਿੱਸੇ ਵਜੋਂ, Cairns Regional Council ਕੋਲ ਇੱਕ ਆਪਾਤਕਾਲੀਨ ਐਕਸ਼ਨ ਪਲਾਨ (EAP) ਹੈ, ਜੋ ਕਿ ਕੌਂਸਲ ਦੀ ਵੈੱਬਸਾਈਟ 'ਤੇ ਉਪਲਬਧ ਹੈ। EAP ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ, ਸੰਚਾਰ ਪ੍ਰਕਿਰਿਆਵਾਂ ਅਤੇ ਡੈਮ ਵਿਸ਼ੇਸ਼ ਆਪਾਤਕਾਲੀਨ ਹਾਲਾਤਾਂ ਦੀ ਵਿਆਖਿਆ ਕਰਦਾ ਹੈ।

## ਟੈਕਸਟ ਸੁਨੇਹੇ ਦੁਆਰਾ ਸੈਲਾਨੀਆਂ ਜਾਂ ਮੈਨੂੰ ਸੁਚੇਤ ਕਰਨ ਲਈ ਤੁਸੀਂ ਮੇਰਾ ਫ਼ੋਨ ਨੰਬਰ ਕਿਵੇਂ ਜਾਣੋਗੇ?

ਆਪਾਤਕਾਲੀਨ ਦੀ ਸਥਿਤੀ ਵਿੱਚ Cairns Regional Council ਕਈ ਟੈਕਸਟ ਮੈਸੇਜ ਚੇਤਾਵਨੀ ਪ੍ਰਣਾਲੀਆਂ ਦੀ ਵਰਤੋਂ ਕਰਦੀ ਹੈ। ਪੰਨਾ 3 'ਤੇ ਵਧੀਕ ਚੇਤਾਵਨੀਆਂ ਨੂੰ ਵੇਖੋ।

Cairns
REGIONAL COUNCIL

PO Box 359 QLD 4870
1300 69 22 47
council@cairns.qld.gov.au
www.cairns.qld.gov.au



## ਆਪਾਤਕਾਲੀਨ ਸੰਪਰਕ

| | |
|---|---|
| ਪੁਲਿਸ ਫਾਇਰ ਐਂਬੁਲੈਂਸ<br>ਕੇਵਲ ਆਪਾਤਕਾਲ ਲਈ | **000** |
| ਸਟੇਟ ਆਪਾਤਕਾਲੀਨ ਸੇਵਾ (SES) | **13 25 00** |
| ਐਰਗਨ ਐਨਰਜੀ<br>ਬਿਜਲੀ ਨਾਲ ਸੰਬੰਧਿਤ ਆਪਾਤਕਾਲੀਨ ਅਤੇ ਫੌਰੀ ਖ਼ਤਰਨਾਕ ਸਥਿਤੀਆਂ ਲਈ | **13 22 96** |
| ਸੜਕ ਅਤੇ ਆਵਾਜਾਈ ਦੇ ਹਾਲਾਤ (TMR) | **13 19 40** |
| ਸਿਹਤ ਅਤੇ ਹਸਪਤਾਲ ਜਾਣਕਾਰੀ (QH) | **13 HEALTH (13 43 25 84)** |
| ਪਾਣੀ ਦੀ ਸਪਲਾਈ ਨਾਲ ਸੰਬੰਧਿਤ ਆਪਾਤਕਾਲ (CRC) | **1300 69 22 47** |
| ਗ਼ੈਰ-ਆਪਾਤਕਾਲੀਨ ਸਥਿਤੀਆਂ | ਪੁਲਿਸ: **13 14 44**<br>ਐਂਬੁਲੈਂਸ: **13 12 33** |

ਰੀਸਾਈਕਲ ਕੀਤੇ ਕਾਗਜ਼ ਤੋਂ ਬਣਾਇਆ ਗਿਆ ਹੈ

**ਬੇਦਾਅਵਾ ਟਿੱਪਣੀ:** ਹਾਲਾਂਕਿ ਇਸ ਡੇਟਾ ਦੀ ਪ੍ਰਮਾਣਿਕਤਾ ਨੂੰ ਯਕੀਨੀ ਬਣਾਉਣ ਲਈ ਹਰ ਧਿਆਨ ਰੱਖਿਆ ਗਿਆ ਹੈ, CAIRNS REGIONAL COUNCIL ਕਿਸੇ ਖ਼ਾਸ ਉਦੇਸ਼ ਲਈ ਇਸਦੀ ਪ੍ਰਮਾਣਿਕਤਾ, ਭਰੋਸੇਯੋਗਤਾ, ਸੰਪੂਰਨਤਾ ਜਾਂ ਉਚਿਤੱਤਾ ਬਾਰੇ ਕੋਈ ਪ੍ਰਤੀਨਿਧਤਾ ਜਾਂ ਵਾਰੰਟੀ ਨਹੀਂ ਦਿੰਦੀ ਅਤੇ ਸਾਰੇ ਖ਼ਰਚਿਆਂ, ਘਾਟਿਆਂ, ਨੁਕਸਾਨਾਂ (ਅਸਿੱਧੇ ਤੌਰ 'ਤੇ ਜਾਂ ਨਤੀਜੇ ਵਜੋਂ ਹੋਣ ਵਾਲੇ ਨੁਕਸਾਨਾਂ ਸਮੇਤ) ਅਤੇ ਲਾਗਤਾਂ ਲਈ ਸਾਰੀਆਂ ਜ਼ਿੰਮੇਵਾਰੀਆਂ ਅਤੇ ਸਾਰੀਆਂ ਦੇਣਦਾਰੀਆਂ (ਬਿਨਾਂ ਸੀਮਾਵਾਂ ਦੇ, ਲਾਪਰਵਾਹੀ ਵਿੱਚ ਦੇਣਦਾਰੀ ਸਮੇਤ) ਤੋਂ ਇਨਕਾਰ ਕਰਦੀ ਹੈ ਜੋ ਇਸ ਡੇਟਾ ਦੇ ਕਿਸੇ ਵੀ ਤਰੀਕੇ ਨਾਲ ਜਾਂ ਕਿਸੇ ਵੀ ਕਾਰਨ ਕਰਕੇ ਗਲਤ ਜਾਂ ਅਧੂਰੇ ਹੋਣ ਦੇ ਨਤੀਜੇ ਵਜੋਂ ਤੁਹਾਡੇ ਲਈ ਹੋ ਸਕਦੇ ਹਨ।